4

# ਗੁਰਮੁਖੀ ਲਿਪੀ ਦਾ ਨਿਕਾਸ ਤੇ ਵਿਕਾਸ

ਪੰਜਾਬੀ ਭਾਸ਼ਾ ਦੀ ਲਿਪੀ ਦਾ ਨਾਮ ਗੁਰਮੁਖੀ ਹੈ । ਹੋਰ ਲਿਪੀਆਂ ਵਾਂਗ ਇਹ ਵੀ ਗੰਢ ਲਿਪੀ ਤੋਂ ਚਿੱਤਰ ਲਿਪੀ ਦੀਆਂ ਅਵੱਸਥਾਵਾਂ ਵਿਚੋਂ ਲੰਘ ਕੇ, ਪੂਰਨ ਲਿਪੀ ਰੂਪ ਵਿੱਚ ਪੁੱਜੀ ਹੈ । ਨਵੀਨ ਖੋਜ ਦੱਸਦੀ ਹੈ ਕਿ ਗੁਰਮੁਖੀ ਲਿਪੀ, ਬ੍ਰਹਮੀ ਲਿਪੀ ਵਿਚੋਂ ਨਿਕਲੀ ਹੈ । ਪੰਜਾਬੀ ਬੋਲੀ ਵਾਂਗ ਗੁਰਮੁਖੀ ਲਿਪੀ ਵੀ ਬਹੁਤ ਪੁਰਾਣੀ ਹੈ ।

ਲਿਪੀ ਵੀ ਭਾਸ਼ਾ ਵਾਂਗ, ਇਕੋ ਸਮੇਂ ਸੰਪੂਰਨ ਨਹੀਂ ਹੁੰਦੀ ਅਤੇ ਨਾ ਹੀ ਕਿਸੇ ਲਿਪੀ ਦਾ ਪੂਰਨ ਰੂਪ ਇਕੋ ਹੀ ਵੇਲੇ, ਇਹ ਹੀ ਵਿਅਕਤੀ ਜਾਂ ਦੋ ਚਾਰ ਵਿਅਕਤੀਆਂ ਦੀ ਸਲਾਹ ਨਾਲ, ਝੱਟ ਪੈਂਟ ਘੜ ਲਿਆ ਜਾਂਦਾ ਹੈ, ਸਗੋਂ ਵੱਖ-ਵੱਖ ਚਿੰਨ੍ਹ, ਭਿੰਨ-ਭਿੰਨ ਸਮੇਂ ਲੋੜ ਅਨੁਸਾਰ ਘੜੇ ਜਾਂਦੇ ਹਨ। ਹੌਲੀ-ਹੌਲੀ ਇਹਨਾਂ ਦੀਆਂ ਸ਼ਕਲਾਂ ਵਿੱਚ ਵੀ ਸੁਧਾਰ ਹੁੰਦਾ ਰਹਿੰਦ ਹੈ । ਸੋ ਹਰ ਲਿਪੀ ਦਾ ਅਜੋਕਾ ਰੂਪ, ਨਿਰੰਤਰ ਵਿਕਾਸ ਉਪਰੰਤ ਹੋਂਦ ਵਿੱਚ ਆਇਆ ਹੈ । ਇਸ ਅਮਲ ਵਿੱਚ ਸਦੀਆਂ ਦਾ ਸਮਾਂ ਲੱਗਾ ਹੈ ਅਤੇ ਜਨ-ਸਮੂਹ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ ।

ਅੱਖਰ ਜਾਂ ਲਿਪੀ ਚਿੰਨ੍ਹ, ਅਵਾਜ਼ ਜਾਂ ਧੁਨੀ ਨੂੰ ਅੰਕਿਤ ਕਰਦੇ ਹਨ । ਲਿਪੀ ਦਾ ਸੰਬੰਧ ਦੀ ਮਨੁੱਖੀ ਅਵਾਜ਼ਾਂ ਨਾਲ ਹੈ। ਜਿਵੇਂ-ਜਿਵੇਂ ਮਨੁੱਖ ਤਰੱਕੀ ਕਰਦਾ ਗਿਆ, ਮਾਨਸਿਕ, ਬੌਧਿਕ ਤੇ ਸੱਭਿਆਚਾਰਕ ਪੱਧਰ ਤੇ ਵਿਕਸਿਤ ਹੁੰਦਾ ਗਿਆ, ਤਿਕੋ- ਤਿਵੇਂ ਉਸਦੀਆਂ ਲੋੜਾਂ ਵਿੱਚ ਵੀ ਵਾਧਾ ਹੋਇਆ । ਲੋੜਾਂ ਅਨੁਸਾਰ ਕਈ ਅਵਾਜ਼ਾਂ ਮਨੁੱਖ ਨੇ ਨਵੀਆਂ ਉਚਾਰੀਆਂ ਹੋਣਗੀਆਂ, ਜਿਸ ਨਾਲ ਇਕ ਪਾਸੇ ਭਾਸ਼ਾ ਵਿਕਸਿਤ ਹੋਈ, ਦੂਜੇ ਪਾਸੇ, ਉਹਨਾਂ ਅਵਾਜਾਂ ਨੂੰ ਪ੍ਰਗਟਾਉਣ ਲਈ ਚਿੰਨ੍ਹ ਘੜਨ ਦੀ ਲੋੜ ਮਹਿਸੂਸ ਕੀਤੀ ਗਈ । ਇਸ ਤਰ੍ਹਾਂ, ਲਿਪੀ ਹੌਲੀ-ਹੌਲੀ ਵਿਕਾਸ ਕਰਕੇ ਅੱਜਕੀ ਪੱਧਰ ਤੇ ਪਹੁੰਚੀ ਹੈ

ਗੁਰਮੁਖੀ ਲਿਪੀ ਨਾਲ ਵੀ ਕੁਝ ਇਸ ਤਰ੍ਹਾਂ ਹੀ ਵਾਪਰਿਆ ਹੈ । ਇਸ ਦਾ ਨਿਕਾਸ ਤੇ ਵਿਕਾਸ ਵੀ ਇਸੇ ਤਰ੍ਹਾਂ ਹੀ ਹੋਇਆ ਹੈ ਤੋਂ ਹੋ ਰਿਹਾ ਹੈ । ਅਜੇ ਵੀ ਕਈ ਅਵਾਜ਼ਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਪ੍ਰਗਟਾਉਣ ਲਈ ਇਸ ਵਿੱਚ ਕੋਈ ਚਿੰਨ੍ਹ ਨਹੀਂ ਹਨ, ਜਿਵੇਂ ਸੀਟੀ ਦੀ ਅਵਾਜ ਹੈ । ਇਸੇਤਰ੍ਹਾਂ ਪੰਜਾਬੀ ਵਿੱਚ ਜੇਕਰ ਬਰੀਕੀ ਨਾਲ ਵੇਖੀਏ ਤਾਂ ਘੜਾ, ਸੰਘਾੜਾ ਅਤੇ ਸੰਘ ਵਿੱਚ ਤਿੰਨ ਵੱਖਰੀਆਂ-ਵੱਖਰੀਆਂ ਅਵਾਜ਼ਾਂ ਹਨ, ਪਰੰਤੂ ਲਿਖਤ ਵਿੱਚ ਉਹਨਾਂ ਵੱਖ-ਵੱਖ ਅਵਾਜ਼ਾਂ ਨੂੰ ਇਕ ਚਿੰਨ੍ਹ ਘ ਨਾਲ ਹੀ ਅੰਕ ਕੀਤਾ ਹੈ । ਇਸ ਤਰ੍ਹਾਂ, ਹੋਰ ਲਿਪੀ ਚਿੰਨ੍ਹ ਵਿਕਸਿਤ ਹੁੰਦੇ ਰਹਿਣਗੇ । ਲਿਪੀ ਦਾ ਵਿਕਾਸ ਸੰਖ, ਸੁੰਦਰਤਾ ਅਤੇ ਛਾਪੇਖਾਨੇ ਦੇ ਆਸੇ ਤੇ ਵੀ ਹੁੰਦਾ ਰਹਿੰਦਾ ਹੈ । ਜਿਵੇਂ ਗੁਰਮੁਖੀ ਦੇ ਪੁਰਾਣੇ ਅੱਖਰਾਂ ਦੀਆਂ ਸ਼ਕਲਾਂ, ਅਜੋਕੇ ਅੱਖਰਾਂ ਨਾਲੋਂ ਬਹੁਤ ਭਿੰਨ ਤੋਂ ਟੇਢੀਆਂ-ਮੇਢੀਆ ਸਨ । ਹੁਣ ਤਾਂ ਇਹ ਚਿੰਨ੍ਹ ਇਕਸਾਰ ਤੇ ਸਮਰੂਪ ਹੋ ਗਏ ਹਨ, ਜੋ ਬਹੁਤ ਸੁੰਦਰ ਲੱਗਦੇ ਹਨ। ਪ੍ਰਾਚੀਨ ਭਾਰਤੀ ਲਿਪੀਆਂ ਬਾਰੇ ਐਲਬਰੂਨੀ ਨੇ ਕਾਫੀ ਜਾਣਕਾਰੀ ਦਿੱਤੀ ਹੈ । ਉਸਨੇ ਭਾਰਤ ਵਿੱਚ 30 ਸਾਲ ਅਧਿਐਨ ਤੇ ਚਿੰਤਨ ਵਿਚ ਬਿਤਾਏ ਤੇ ਕਈ ਸੰਸਕ੍ਰਿਤ ਗ੍ਰੰਥਾਂ ਦਾ ਅਰਬੀ ਵਿੱਚ ਅਨੁਵਾਦ ਕੀਤਾ । ਉਸਨੇ ਆਪਣੀ ਲਿਖਤ ਵਿਚ, ਉਸ ਸਮੇਂ ਦੀਆਂ ਪ੍ਰਚਲਿਤ 11 ਲਿਪੀਆਂ ਦਾ ਜ਼ਿਕਰ ਕੀਤਾ ਹੈ । ਇਹਨਾਂ ਵਿਚੋਂ ਇੱਕ ਲਿਪੀ 'ਅਰਧ ਨਾਗਰੀ ਹੈ। ਇਹ ਲਿਪੀ ਸਿੰਧ ਵਿੱਚ ਪ੍ਰਚਲਿਤ ਲਿਪੀ 'ਸਿੰਧ ਮਾਤਰਕਾ

ਅਤੇ ਉਜੈਨ (ਮਾਲਵਾ) ਵਿਚ ਵਰਤੀ ਜਾਂਦੀ 'ਨਾਗਰ` ਲਿਪੀ ਦੇ ਮੇਲ ਤੋਂ ਬਣੀ ਹੈ। ਇਕ ਲਿਪੀ 'ਭੱਟੀ' ਭਾਵ ਬਠਿੰਡੇ ਦੇ ਇਲਾਕੇ ਵਿਚ ਪ੍ਰਚਲਿਤ ਰਹੀ ਹੈ । ਇਸ ਤੋਂ ਸਿੱਧ ਹੁੰਦਾ ਹੈ ਕਿ ਪੰਜਾਬ ਦੇ ਇਸ ਭਾਗ ਵਿੱਚ 'ਅਰਧ ਨਾਗਰੀ" ਲਿਪੀ ਕਿਸੇ ਸਮੇਂ ਪ੍ਰਚਲਿਤ ਰਹੀ ਹੈ । ਇਹ ਸਮਾਂ ਦਸਵੀਂ ਗਿਆਰਵੀਂ ਸਦੀ ਦਾ ਸੀ । ਅੱਜ ਦੀ ਗੁਰਮੁਖੀ ਦੇ ਕਈ ਅੱਖਰ ਇਸ ਨਾਲ ਮਿਲਦੇ ਹਨ । ਪ੍ਰਾਚੀਨ  ਪੰਜਾਬ ਵਿੱਚ ਸ਼ਾਰਦਾ (ਸਿੰਧ ਮਾਤਰਕਾ), ਟਾਕਰੀ ਤੇ ਲੰਡੇ ਲਿਪੀਆਂ ਵੀ ਪ੍ਰਚਲਿਤ ਰਹੀਆਂ ਹਨ । ਸਾਰਦਾ ਉਸ ਸਮੇਂ ਕਸ਼ਮੀਰ ਤੇ ਗੰਗਾ-ਜਮਨਾ ਦੁਆਬ ਕੁਨੌਂਜ ਤੇ ਪੰਜਾਬ ਦੇ ਕੁਝ ਭਾਗਾਂ ਵਿੱਚ ਵਰਤੀ ਜਾਂਦੀ ਸੀ । ਕੁਲ ਤੇ ਚੰਬੇ ਦੇ ਇਲਾਕੇ ਵਿਚ ਕਈ ਸਿਲਾਲੇਖ 'ਸ਼ਾਰਦਾ` ਵਿੱਚ ਲਿਖੇ ਮਿਲਦੇ ਹਨ । ਇਹ ਦੱਸਵੀਂ ਸਦੀ ਦੇ ਨੇੜੇ ਲਿਖਵਾਏ ਗਏ। ਟਾਕਰੀ ਲਿਪੀ ਜੰਮੂ ਤੋਂ ਉਪਰ ਤੇ ਪੰਜਾਬ ਦੇ ਪਹਾੜੀ ਇਲਾਕਿਆਂ ਵਿੱਚ ਪ੍ਰਚਲਿਤ ਰਹੀ ਹੈ । ਕਾਂਗੜੇ ਵਿਚ ਕੁਝ ਸ਼ਿਲਾਲੇਖ ਤਾਮਰੀ ' ਲਿਪੀ ਵਿੱਚ ਵੀ ਮਿਲਦੇ ਹਨ । ਲੰਡੇ ਮਹਾਜਨੀ ਤੇ ਵਪਾਰੀਆਂ ਦੇ ਲੇਖੇ-ਪੋਤੇ ਤੇ ਵਹੀ-ਖਾਤੇ ਦੀ ਰਹੀ ਹੈ।  ਇਹ ਪੰਜਾਬ ਦੇ ਮਹਾਜਨੀ ਸਮਾਜ ਵਿੱਚ ਵਰਤੀ ਜਾਂਦੀ ਹੈ ।

ਸ਼ਾਰਦਾ, ਟਾਕਰੀ ਤੇ ਗੁਰਮੁਖੀ ਲਿਪੀਆਂ ਵਿੱਚ ਕਾਫ਼ੀ ਸਮਾਨਤਾ ਹੈ । ਇਸਦਾ ਕਾਰਨ ਇਹ ਹੈ ਕਿ ਇਹ ਤਿੰਨੋਂ ਇਕੋ ਜੇ ਅਰਥਾਤ ਬ੍ਰਹਮੀ ਲਿਪੀ ਤੋਂ ਉਤਪੰਨ ਹੋਈਆਂ ਹਨ । ਗੁਰਮੁਖੀ ਦੇ 15 ਅੱਖਰ ਟਾਕਰੀ ਨਾਲ ਤੇ 7 ਅੱਖਰ ਸਾਰਦਾ ਨਾਲ ਲਕੁਲ ਮਿਲਦੇ ਹਨ। ਲਗਾਂ-ਮਾਤਰਾਂ ਵੀ ਮਿਲਦੀਆਂ-ਜੁਲਦੀਆਂ ਹਨ। ਸਮੇਂ ਦੇ ਬੀਤਣ ਨਾਲ, ਇਹਨਾਂ ਵਿਚ ਥਾਨਿਕ ਲੋੜਾਂ ਅਨੁਸਾਰ ਪਰਿਵਰਤਨ ਤੇ ਸੁਧਾਰ ਹੁੰਦਾ ਰਿਹਾ ਹੈ ।

ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੇ ਅੱਖਰਾਂ ਦੀ ਬਣਤਰ ਨੂੰ ਸੁੰਦਰ ਰੂਪ ਦੇਣ, ਲਗਾਂ-ਮਾਤਰਾਂ ਦੀ ਸੁਯੋਗ ਵਰਤੋਂ ਤਨ ਅਤੇ ਵਿਆਕਰਨ-ਬੱਧ ਕਰਨ ਵਿੱਚ ਬਹੁਤ ਵੱਡਾ ਤੇ ਮਹਾਨ ਕੰਮ ਕੀਤਾ ਹੈ । ਕਿਉਂਕਿ ਇਸ ਵਿਚ ਉਹ ਗਿਆਨ ਸੀ ਸਨੂੰ ਗੁਰਮੁੱਖ ਵਰਤਦੇ ਸਨ, ਇਸ ਲਈ ਇਸਨੂੰ ਗੁਰਮੁਖੀ ਵਰਨਮਾਲਾ ਕਿਹਾ ਗਿਆ । ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਖਾਰੀ, ਭਾਈ ਗੁਰਦਾਸ ਜੀ ਨੇ ਇਸ ਵਿੱਚ ਕੁਝ ਹੋਰ ਲੋੜੀਂਦੀਆਂ ਤਬਦੀਲੀਆਂ ਕੀਤੀਆਂ । ਫਿਰ ਫ਼ਾਰਸੀ ਤੇ ਅੰਗਰੇਜੀ ਪ੍ਰਭਾਵ ਅਧੀਨ, ਪੰਜਾਬੀ ਵਿੱਚ ਪੰਜ ਨਵੀਆਂ ਅਵਾਜ਼ਾਂ ਪ੍ਰਚੱਲਿਤ ਹੋ ਗਈਆਂ ਤਾਂ ਵਿਦਵਾਨਾਂ ਨੇ ਅੰਗਰੇਜ਼ੀ ਰਾਜ ਸਮੇਂ, ਪੰਜ ਗੁਰਮੁਖੀ ਅੱਖਰਾਂ ਹੇਠ ਬਿੰਦੀ ਲਗਾ ਕੇ -ਸ, ਖ਼, ਗ਼, ਜ਼, ਫ, ਪੰਜ ਹੋਰ ਨਵੇਂ ਅੱਖਰ ਬਣਾ ਦਿੱਤੇ । ਪੰਜਾਬ ਦੀ ਵੰਡ ਤੋਂ ਪਿੱਛੋਂਲੀ ਅਲੋਪ ਹੋ ਗਈਆਂ |

## <u>ਗੁਰਮੁੱਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ</u>

ਗੁਰਮੁੱਖੀ ਲਿਪੀ ਦੀਆਂ ਹੇਠ ਲਿਖੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ:-

1. ਗੁਰਮੁੱਖੀ ਇੱਕ ਪ੍ਰਾਚੀਨ ਲਿਪੀ ਹੈ । ਇਸਦਾ ਸੰਬੰਧ ਭਾਰਤ ਦੀ ਸੱਭ ਤੋਂ ਪੁਰਾਣੀ ਲਿਪੀ 'ਬ੍ਰਹਮੀ ਲਿਪੀ' ਨਾਲ ਹੈ

2. ਗੁਰਮੁੱਖੀ ਇੱਕ ਸੁਤੰਤਰ ਲਿਪੀ ਹੈ । ਸੰਸਾਰ ਦੀਆਂ ਵਿਕਸਿਤ ਲਿਪੀਆਂ ਵਿਚੋਂ ਇਹ ਇੱਕ ਵਿਕਸਿਤ ਲਿਪੀ ਹੈ ।

3. ਗੁਰਮੁੱਖੀ ਦੇ ਸਿਰਫ 35 ਅੱਖਰ ਹਨ ਜੋ ਦੂਜੀਆਂ ਲਿਪੀਆਂ ਦੇ ਮੁਕਾਬਲੇ ਕਾਫੀ ਘੱਟ ਹਨ ।

4. ਇਸ ਵਿੱਚ ਤਿੰਨ ਸਵਰ- ੳ, ਅ, ੲ - ਹਨ, ਇਹਨਾਂ ਨੂੰ ਸਵਰ ਵਾਹਕ ਅੱਖਰ ਵੀ ਕਿਹਾ ਜਾਂਦਾ  ਹੈ ।

5. ਗੁਰਮੁੱਖੀ ਦੇ ਅੱਖਰਾਂ ਦੀ ਤਰਤੀਬ ਵਿਗਿਆਨਕ ਹੈ । ਵਰਨਮਾਲਾ ਵਿੱਚ ਇਹਨਾਂ ਦਾ ਅੱਖਰ-ਕ੍ਰਮ, ਉਚਾਰਨ ਸਥਾਨ ਦੇ ਅਧਾਰ ਉਤੇ ਹੈਂ।

6. ਗੁਰਮੁੱਖੀ ਵਿਚ ਕੁਝ ਅਖੰਡੀ ਧੁਨੀਆਂ ਵੀ ਹਨ, ਜਿਹਨਾਂ ਦੇ ਵੱਖਰੇ-ਵੱਖਰੇ ਚਿੰਨ੍ਹ ਹਨ । ਜਿਵੇਂ ਅੱਧਕ ( ) ਦਬਾਅ ਲਈ, ਅਤੇ ਟਿੱਪੀ ( ") ਅਨੁਨਾਸਿਕਤਾ ਲਈ ।

7.ਇਸਦੇ ਅੱਖਰਾਂ ਦੀ ਬਨਾਵਟ ਸਿੱਧੀ ਤੇ ਸਰਲ ਹੈਂ । ਅੱਧੇ ਅੱਖਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ । ਇਸ ਲਈ, ਇਸਨੂੰ ਤੇਜ਼ੀ ਨਾਲ ਲਿਖਿਆ ਜਾ ਸਕਦਾ ਹੈ।

8.ਇਸਦੇ ਦੋ-ਤਿੰਨ ਅੱਖਰਾਂ ਨੂੰ ਛੱਡ ਕੇ, ਬਾਕੀ ਅੱਖਰਾਂ ਦੀ ਸਕੂਲ, ਇੱਕ ਦੂਸਰੇ ਨਾਲ ਨਹੀਂ ਮਿਲਦੀ, ਜਿਸ ਕਰਕੇ ਭੁਲੇਖਾ ਨਹੀਂ ਪੈਂਦਾ । ਕੇਵਲ ਬ ਤੇ ਥ, ਵ ਤੇ ਢ ਦਾ ਰੂਪ ਕੁਝ-ਕੁਝ ਮਿਲਦਾ ਜੁਲਦਾ ਹੈ

9.ਰੋਮਨ ਤੇ ਫਾਰਸੀ ਲਿਪੀਆਂ ਵਿੱਚ ਮਹਾਂ-ਪਾਣ ਧੁਨੀਆਂ ਨੂੰ ਪਟਾਉਣ ਲਈ ਦੋ-ਦੋ ਅੱਖਰ ਲਿਖਣੇ ਪੈਂਦੇ ਹਨ। ਗੁਰਮੁੱਖੀ ਲਿਪੀ ਵਿਚ ਹਰ ਮਹਾਂ-ਪ੍ਰਾਣ (ਘ, ਢ, ਝ, ਭ. ਧ) ਲਈ ਅਲੱਗ ਇੱਕ-ਇੱਕ ਚਿੰਨ੍ਹ ਹੈ ।

10. ਗੁਰਮੁੱਖੀ ਲਿਪੀ ਦੇ ਅੱਖਰਾਂ ਤੋਂ ਲੱਗਾਂ ਦੀ ਚੋਣ, ਪੰਜਾਬੀ ਦੀਆਂ ਅਵਾਜਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ । ਹਰ ਅਵਾਜ਼/ਧੁਨੀ ਲਈ ਇੱਕ ਵੱਖਰਾ ਚਿੰਨ੍ਹ ਮੌਜੂਦ ਹੈ। ਗੁਰਮੁਖੀ ਵਿੱਚ ਕੋਈ ਅਜਿਹਾ ਚਿੰਨ੍ਹ ਮੌਜੂਦ ਨਹੀਂ ਜਿਸਦੀ ਅਵਾਜ ਅੱਜਕਲ੍ਹ ਦੇ ਪੰਜਾਬੀ ਉਚਾਰਨ ਵਿਚ ਵਰਤੋਂ ਵਿੱਚ ਨਹੀਂ ਆਉਂਦੀ । 11. ਗੁਰਮੁੱਖੀ ਇਕ ਵਿਕਾਸਸ਼ੀਲ ਲਿਪੀ ਹੈ । ਇਸ ਵਿੱਚ ਪਰਿਵਰਤਨ ਦੀ ਕਾਫੀ ਗੁੰਜਾਇਸ਼ ਹੈ । ਭਾਵੇਂ ਇਹ ਪੰਜਾਬੀ ਲਈ ਵਧੇਰੇ ਢੁਕਵੀਂ ਹੈ ਪਰ ਇਸਦੇ ਅੱਖਰ ਹੋਰ ਅਨੇਕ ਭਾਸ਼ਾਵਾਂ ਨੂੰ ਲਿਖਣ ਦੇ ਯੋਗ ਹਨ। ਅੰਗਰੇਜ਼ੀ ਰਾਜ ਸਮੇਂ ਇਸ ਵਿੱਚ ਲੋੜ ਅਨੁਸਾਰ, 5 ਹੋਰ ਧੁਨੀਆਂ ਜੋੜੀਆਂ ਗਈਆਂ ਸਨ ਜੋ ਅਰਬੀ, ਫਾਰਸੀ ਤੇ ਅੰਗਰੇ ਜੀ ਦੀਆਂ ਧੁਨੀਆਂ ਬੋਲਣ ਦੇ ਸਮਰੱਥ ਬਣਾਉਂਦੇ ਹਨ। ਹੁਣ ਲ਼ ਦਾ ਅੱਖਰ ਹੋਰ ਜੋੜਿਆ ਗਿਆ ਹੈ ।

S.D. COLLEGE OF EDUCATION KNOWLEDGE VISION SUPREME ज्ञान चक्षुर्मनुष्याणाम्